# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਮਦਰਜ਼ ਡੇਅ ਮੌਕੇ ਅੰਤਰਰਾਸ਼ਟਰੀ ਕਵੀ ਦਰਬਾਰ ਵਿਚ ਪੰਜਾਬੀ ਸ਼ਾਇਰਾਂ ਨੇ ਮਾਂ ਦੀ ਮਮਤਾ ਨੂੰ ਕੀਤਾ ਸਿਜਦਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਿਆਟਲ, 14 ਮਈ : ਪੰਜਾਬੀ ਲਿਖਾਰੀ ਸਭਾ ਸਿਆਟਲ ਅਤੇ ਪੰਜਾਬੀ ਸਭਾ ਬੈਲਿੰਗਹੈਮ ਦੇ ਸਾਂਝੇ ਉਪਰਾਲੇ ਸਦਕਾ 'ਮਦਰਜ਼ ਡੇਅ' ਦੇ ਪਾਵਨ ਮੌਕੇ 'ਤੇ ਬੀਤੇ ਐਤਵਾਰ 'ਅੰਤਰਰਾਸ਼ਟਰੀ ਕਵੀ ਦਰਬਾਰ' ਕਰਵਾਇਆ ਗਿਆ। ਇਸ ਆਨਲਾਈਨ (ਜ਼ੂਮ) ਸਮਾਗਮ ਨੇ ਅਮਰੀਕਾ, ਕੈਨੇਡਾ, ਭਾਰਤ, ਇਟਲੀ ਅਤੇ ਇੰਗਲੈਂਡ ਦੇ ਨਾਮਵਰ ਸਾਹਿਤਕਾਰਾਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮਾਂ ਦੀ ਮਹਿਮਾ ਬਾਰੇ ਸੁੰਦਰ ਵਿਚਾਰਾਂ ਨਾਲ ਹੋਈ।

ਲਗਭਗ ਢਾਈ ਘੰਟੇ ਚੱਲੇ ਇਸ ਕਵੀ ਦਰਬਾਰ ਵਿੱਚ ਵੱਖ-ਵੱਖ ਦੇਸ਼ਾਂ ਤੋਂ ਜੁੜੇ ਸ਼ਾਇਰਾਂ ਨੇ ਆਪਣੀਆਂ ਭਾਵਪੂਰਤ ਰਚਨਾਵਾਂ ਰਾਹੀਂ ਮਾਂ ਦੇ ਅਨੇਕਾਂ ਰੂਪਾਂ ਨੂੰ ਪੇਸ਼ ਕੀਤਾ। ਹਾਜ਼ਰੀ ਲਗਵਾਉਣ ਵਾਲੇ ਪ੍ਰਮੁੱਖ ਕਵੀਆਂ ਵਿੱਚ ਅਵਤਾਰ ਸਿੰਘ ਆਦਮਪੁਰੀ, ਡਾ. ਸੁਖਵੀਰ ਬੀਹਲਾ, ਸਰਬਜੀਤ ਸਿੰਘ ਨੂਰ, ਗੁਰਪ੍ਰੀਤ ਸੋਹਲ, ਮਨਜੀਤ ਕੌਰ ਗਿੱਲ, ਕਰਮਜੀਤ ਕੌਰ (ਇਟਲੀ), ਸੁਖਦੇਵ ਸਿੰਘ ਗੰਢਵਾਂ, ਸਰਬਜੀਤ ਕੌਰ ਹਾਜੀਪੁਰ, ਰੂਪੀ ਹੁੰਦਲ, ਪ੍ਰੋ. ਜਗੀਰ ਸਿੰਘ, ਦਵਿੰਦਰ ਕੌਰ ਗੁਰਾਇਆ, ਬਿੰਦੂ ਮਠਾਰੂ, ਮਹਿੰਦਰ ਕੌਰ ਕੁਰੂਕਸ਼ੇਤਰ, ਪ੍ਰਵੀਨ ਕੌਰ ਬਟਾਲਾ, ਸੁੱਖ ਸੁਖਵਿੰਦਰ ਕੌਰ, ਮਨਪ੍ਰੀਤ ਕੌਰ ਸੰਧੂ (ਮੁੰਬਈ), ਸੁਰਜੀਤ ਕੌਰ ਟਰੰਟੋ ਅਤੇ ਮਨਜੀਤ ਸਿੰਘ ਚਾਤ੍ਰਿਕ ਸ਼ਾਮਲ ਸਨ।

ਕਵੀਆਂ ਨੇ ਜਿੱਥੇ ਮਾਂ ਦੇ ਨਿਸ਼ਕਾਮ ਪਿਆਰ ਅਤੇ ਸੰਘਰਸ਼ ਦੀ ਗਾਥਾ ਸੁਣਾਈ, ਉੱਥੇ ਹੀ ਪਰਦੇਸਾਂ ਵਿੱਚ ਵੱਸਦੇ ਬੱਚਿਆਂ ਦੇ ਦਿਲਾਂ ਵਿੱਚ ਮਾਂ ਦੀ ਯਾਦ ਦੀ ਤੜਫ ਨੂੰ ਵੀ ਬੜੀ ਸੰਵੇਦਨਸ਼ੀਲਤਾ ਨਾਲ ਬਿਆਨ ਕੀਤਾ। ਇਹ ਪ੍ਰੋਗਰਾਮ ਇੱਕ ਅਜਿਹੇ ਗੁਲਦਸਤੇ ਵਾਂਗ ਰਿਹਾ, ਜਿਸ ਵਿੱਚ ਹਰ ਕਵੀ ਇੱਕ ਵੱਖਰੇ ਰੰਗ ਅਤੇ ਖੁਸ਼ਬੂ ਵਾਲੇ ਫੁੱਲ ਵਾਂਗ ਸੀ। ਜ਼ੂਮ ਰਾਹੀਂ ਜੁੜੇ ਸਰੋਤਿਆਂ ਨੇ ਕਵੀਆਂ ਦੀਆਂ ਬਿਹਤਰੀਨ ਪੇਸ਼ਕਾਰੀਆਂ 'ਤੇ ਖੁੱਲ੍ਹ ਕੇ ਦਾਦ ਦਿੱਤੀ ਅਤੇ ਅਖੀਰ ਤੱਕ ਇਸ ਸਾਹਿਤਕ ਰੰਗ ਵਿੱਚ ਰੰਗੇ ਰਹੇ।

ਸਮਾਗਮ ਦੇ ਅਖੀਰ ਵਿੱਚ ਦੋਵਾਂ ਸਭਾਵਾਂ ਦੇ ਪ੍ਰਬੰਧਕਾਂ ਵੱਲੋਂ ਸਮੂਹ ਸ਼ਾਇਰਾਂ, ਦਰਸ਼ਕਾਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਦੁਨੀਆ ਭਰ ਵਿੱਚ ਜਿਉਂਦਾ ਰੱਖਣ ਲਈ ਅਜਿਹੇ ਸਾਹਿਤਕ ਸਮਾਗਮ ਬਹੁਤ ਮਹੱਤਵਪੂਰਨ ਹਨ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕਲਮੀਂ ਸਾਂਝ ਅਤੇ ਸਾਹਿਤਕ ਮਿਲਾਪ ਜਾਰੀ ਰਹੇਗਾ। ਇਸ ਤਰ੍ਹਾਂ ਇਹ 'ਮਦਰਜ਼ ਡੇਅ' ਵਿਸ਼ਵ ਭਰ ਦੇ ਪੰਜਾਬੀ ਸਾਹਿਤ ਪ੍ਰੇਮੀਆਂ ਲਈ ਇੱਕ ਮਿਆਰੀ ਅਤੇ ਕਦੇ ਨਾ ਭੁੱਲਣ ਵਾਲੀ ਯਾਦ ਹੋ ਨਿੱਬੜਿਆ। ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਸੋਹਲ ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਮੰਚ ਸੰਚਾਲਨ ਕਰਦਿਆਂ ਸਮਾਗਮ ਦੀ ਰੂਹਾਨੀਅਤ ਨੂੰ ਅੰਤ ਤੱਕ ਬਰਕਰਾਰ ਰੱਖਿਆ।

## ਸੰਭਾਵੀ ਹੜ੍ਹ ਸਥਿਤੀ ਲਈ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ 'ਤੇ ਕੰਟਰੋਲ ਰੂਮ ਸਥਾਪਤ ਕੀਤੇ ਜਾਣਗੇ: ਏਡੀਸੀ ਪੂਨਮ ਸਿੰਘ

### *ਵਧੀਕ ਡਿਪਟੀ ਕਮਿਸ਼ਨਰ ਨੇ ਡਰੇਨੇਜ ਵਿਭਾਗ ਨੂੰ ਜ਼ਿਲ੍ਹੇ ਦੀਆਂ ਸਾਰੀਆਂ ਡਰੇਨਾਂ ਦੀ ਸਫਾਈ ਕਰਨ ਦੇ ਦਿੱਤੇ ਆਦੇਸ਼*

### *ਲੁਧਿਆਣਾ ਪ੍ਰਸ਼ਾਸਨ ਹੜ੍ਹ ਨਾਲ ਨਜਿੱਠਣ ਲਈ ਅਲਰਟ, ਐਮਰਜੈਂਸੀ ਯੋਜਨਾਵਾਂ ਤਿਆਰ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 15 ਮਈ:ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪੂਨਮ ਸਿੰਘ ਨੇ ਜੂਨ ਮਹੀਨੇ ਦੇ ਅੱਧ ਤੋਂ ਬਾਅਦ ਲੁਧਿਆਣਾ ਵਿੱਚ ਸੰਭਾਵੀ ਹੜ੍ਹ ਵਰਗੀਆਂ ਸਥਿਤੀਆਂ ਦੀ ਚੌਕਸੀ ਨਾਲ ਨਿਗਰਾਨੀ ਕਰਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅਤੇ ਸਬ-ਡਵੀਜ਼ਨਲ ਪੱਧਰ 'ਤੇ 24×7 ਹੜ੍ਹ ਕੰਟਰੋਲ ਰੂਮ ਸਥਾਪਤ ਕਰਨ ਦੇ ਆਦੇਸ਼ ਦਿੱਤੇ।

ਸੰਬੰਧਿਤ ਵਿਭਾਗਾਂ ਨਾਲ ਮੀਟਿੰਗ ਦੌਰਾਨ ਪੂਨਮ ਸਿੰਘ, ਏ.ਡੀ.ਸੀ ਜਗਰਾਉ ਮਨਜੀਤ ਸਿੰਘ ਚੀਮਾ ਅਤੇ ਏ.ਡੀ.ਸੀ ਖੰਨਾ ਜਸ਼ਨਪ੍ਰੀਤ ਕੌਰ ਗਿੱਲ ਦੇ ਨਾਲ ਉਨ੍ਹਾਂ ਨੇ ਕੰਟਰੋਲ ਰੂਮਾਂ ਲਈ ਸਟਾਫ ਡਿਊਟੀ ਰੋਸਟਰ ਨੂੰ ਅੰਤਿਮ ਰੂਪ ਦੇਣ ਦੇ ਨਿਰਦੇਸ਼ ਜਾਰੀ ਕੀਤੇ। ਕਾਰਜਾਂ ਦੀ ਨਿਗਰਾਨੀ ਕਰਨ ਅਤੇ ਪ੍ਰਭਾਵਸ਼ਾਲੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਸੀਨੀਅਰ ਅਧਿਕਾਰੀਆਂ ਨੂੰ ਰੋਟੇਸ਼ਨਲ ਆਧਾਰ 'ਤੇ ਨਿਯੁਕਤ ਕੀਤਾ ਜਾਵੇਗਾ।

ਹੜ੍ਹ ਦੀ ਤਿਆਰੀ ਦੀ ਸਮੀਖਿਆ ਕਰਦੇ ਹੋਏ ਪੂਨਮ ਸਿੰਘ ਨੇ ਆਉਣ ਵਾਲੇ ਮੌਨਸੂਨ ਸੀਜ਼ਨ ਦੌਰਾਨ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸੰਭਾਵੀ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਹੜ੍ਹ ਪ੍ਰਭਾਵਿਤ ਖੇਤਰਾਂ ਨੂੰ ਮਜ਼ਬੂਤ ਕਰਨ ਦੇ ਨਿਰਦੇਸ਼ ਦਿੱਤੇ ਅਤੇ ਪੁਸ਼ਟੀ ਕੀਤੀ ਕਿ ਐਮਰਜੈਂਸੀ ਨਾਲ ਨਜਿੱਠਣ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਸਾਰੇ ਵਿਭਾਗਾਂ ਨੂੰ ਵਿਆਪਕ ਐਮਰਜੈਂਸੀ ਯੋਜਨਾਵਾਂ ਤਿਆਰ ਕਰਨ ਅਤੇ ਕਿਸੇ ਵੀ ਸੰਕਟ ਨਾਲ ਨਜਿੱਠਣ ਲਈ ਤਿਆਰੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਨਿਕਾਸੀ ਯੋਜਨਾਵਾਂ ਨੂੰ ਅੰਤਿਮ ਰੂਪ ਦੇਣ, ਕਮਜ਼ੋਰ ਖੇਤਰਾਂ ਦੀ ਪਛਾਣ ਕਰਨ ਅਤੇ ਜੇਕਰ ਲੋੜ ਹੋਵੇ ਤਾਂ ਹੜ੍ਹ ਪ੍ਰਭਾਵਿਤ ਖੇਤਰਾਂ ਤੋਂ ਵਸਨੀਕਾਂ ਨੂੰ ਮੁੜ ਵਸਾਉਣ ਲਈ ਸੁਰੱਖਿਅਤ ਸਥਾਨ ਨਿਰਧਾਰਤ ਕਰਨ 'ਤੇ ਜ਼ੋਰ ਦਿੱਤਾ।

ਵਧੀਕ ਡਿਪਟੀ ਕਮਿਸ਼ਨਰ ਨੇ ਖੁਰਾਕ ਅਤੇ ਸਪਲਾਈ, ਸਿੰਚਾਈ, ਬਿਜਲੀ, ਡਰੇਨੇਜ, ਨਗਰ ਨਿਗਮ, ਸਿਹਤ, ਪੰਚਾਇਤ ਅਤੇ ਪੁਲਿਸ ਵਿਭਾਗਾਂ ਨੂੰ ਤਾਲਮੇਲ ਬਣਾਉਣ ਅਤੇ ਜ਼ਰੂਰੀ ਪ੍ਰਬੰਧ ਕਰਨ ਲਈ ਕਿਹਾ ਗਿਆ। ਖਾਸ ਤੌਰ 'ਤੇ, ਉਨ੍ਹਾਂ ਨੇ ਡਰੇਨੇਜ ਵਿਭਾਗ ਨੂੰ ਹੜ੍ਹ ਦੇ ਜੋਖਮਾਂ ਨੂੰ ਘਟਾਉਣ ਲਈ ਸਾਰੇ ਜ਼ਿਲ੍ਹਾ ਡਰੇਨਾਂ ਦੀ ਸਫਾਈ ਤੁਰੰਤ ਸ਼ੁਰੂ ਕਰਨ ਦੇ ਆਦੇਸ਼ ਵੀ ਦਿੱਤੇ।

## ਜੇਠ ਮਹੀਨਾ ਸੰਗਰਾਂਦ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥

ਜੀ, ਕੱਲ੍ਹ ਜੇਠ ਦੀ ਸੰਗਰਾਂਦ ਹੈ। ਗਰਮੀ ਦਾ ਮਹੀਨਾ, ਪਰ ਗੁਰੂ ਦੀ ਠੰਢੀ ਛਾਂ ਵਾਲਾ ਮਹੀਨਾ।*
ਇਸ ਮੌਕੇ 'ਤੇ ਸੰਗਤ ਲਈ ਸੁਨੇਹਾ ਹਾਜ਼ਰ ਹੈ — ਤੁਸੀਂ ਇਸਨੂੰ ਪੋਸਟਰ ਬਣਾ ਕੇ ਜਾਂ ਸਟੇਟਸ ਲਾ ਕੇ ਸ਼ੇਅਰ ਕਰ ਸਕਦੇ ਹੋ।
ਜੇਠ ਮਹੀਨੇ ਦੀ ਸੰਗਰਾਂਦ ਦਾ ਸੁਨੇਹਾ

ਜੇਠੁ ਸੁਹੰਦਾ ਤਿਸੁ ਧਣੀ ਜਿਸੁ ਸੰਗਿ ਹਰਿ ਨਵ ਨਿਧਿ ਨਾਮੁ॥
— ਸ੍ਰੀ ਗੁਰੂ ਅਰਜਨ ਦੇਵ ਜੀ, ਬਾਰਹ ਮਾਹਾ ਮਾਝ

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ

ਸਤਿ ਸ੍ਰੀ ਅਕਾਲ ਸੰਗਤ ਜੀਓ,
ਕੱਲ੍ਹ ਜੇਠ ਮਹੀਨੇ ਦੀ ਸੰਗਰਾਂਦ ਹੈ।

ਜੇਠ ਦਾ ਮਹੀਨਾ ਕੀ ਕਹਿੰਦਾ?

ਗਰਮੀ ਸਿਖਰ 'ਤੇ: ਧਰਤੀ ਤਪਦੀ ਹੈ, ਪਾਣੀ ਸੁੱਕਦਾ ਹੈ। ਪਰ ਗੁਰੂ ਸਾਹਿਬ ਕਹਿੰਦੇ ਹਨ — ਜਿਸ ਦੇ ਹਿਰਦੇ 'ਚ ਹਰਿ ਨਾਮ ਵੱਸੇ, ਉਸਨੂੰ ਇਹ ਤਪਸ਼ ਨਹੀਂ ਲੱਗਦੀ। ਨਾਮ ਦੀ ਠੰਢਕ ਸਭ ਤੋਂ ਵੱਡੀ ਹੈ।
ਵਿਸਾਖੀ ਤੋਂ ਬਾਅਦ: ਵਿਸਾਖ 'ਚ ਖਾਲਸਾ ਸਾਜਿਆ, ਜੇਠ 'ਚ ਸਬਰ ਤੇ ਸਿਦਕ ਦਾ ਇਮਤਿਹਾਨ ਹੈ। ਗਰਮੀ ਸਹਿਣ ਵਾਲਾ ਹੀ ਫ਼ਸਲ ਪੱਕਣ ਤੱਕ ਪਹੁੰਚਦਾ ਹੈ।
ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ: ਜੇਠ ਮਹੀਨਾ ਸਾਨੂੰ ਯਾਦ ਕਰਵਾਉਂਦਾ ਹੈ — ਧਰਮ ਲਈ ਸੀਸ ਦੇਣਾ ਪਵੇ ਤਾਂ ਵੀ ਮੂੰਹੋਂ "ਤੇਰਾ ਭਾਣਾ ਮੀਠਾ ਲਾਗੈ" ਹੀ ਨਿਕਲੇ। ਤੱਤੀ ਤਵੀ 'ਤੇ ਬੈਠ ਕੇ ਵੀ ਗੁਰੂ ਸਾਹਿਬ ਨੇ ਉੱਫ਼ ਨਾ ਕੀਤੀ।
ਅੱਜ ਦਾ ਜੇਠ: ਅੱਜ ਵੀ ਪੰਥ ਤਪ ਰਿਹਾ ਹੈ। ਬੰਦੀ ਸਿੰਘ ਜੇਲ੍ਹਾਂ ਦੀ ਤਪਸ਼ 'ਚ 30-30 ਸਾਲ ਤੋਂ ਬੈਠੇ ਹਨ। ਉਹ ਵੀ ਗੁਰੂ ਅਰਜਨ ਦੇਵ ਜੀ ਵਾਂਗ "ਤੇਰਾ ਭਾਣਾ ਮੀਠਾ" ਕਹਿ ਰਹੇ ਹਨ। ਪਰ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੀ ਠੰਢੀ ਛਾਂ ਬਣੀਏ।
ਜੇਠ ਦੀ ਸੰਗਰਾਂਦ 'ਤੇ ਅਰਦਾਸ:

ਹੇ ਸੱਚੇ ਪਾਤਿਸ਼ਾਹ,
ਜੇਠ ਦੀ ਤਪਸ਼ 'ਚ ਸਾਡੇ ਮਨਾਂ ਨੂੰ ਨਾਮ ਦੀ ਠੰਢਕ ਬਖ਼ਸ਼ੋ।
ਜਿਵੇਂ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਦੇ ਕੇ ਧਰਮ ਬਚਾਇਆ,
ਉਵੇਂ ਸਾਨੂੰ ਵੀ ਪੰਥ ਦੀ ਸੇਵਾ ਦਾ ਬਲ ਬਖ਼ਸ਼ੋ।
ਬੰਦੀ ਸਿੰਘਾਂ ਦੀ ਰਿਹਾਈ ਦੇ ਸਾਧਨ ਬਣੋ।
ਜਿਨ੍ਹਾਂ ਨੇ ਜਵਾਨੀ ਜੇਲ੍ਹ 'ਚ ਕੱਟ ਦਿੱਤੀ,
ਉਨ੍ਹਾਂ ਨੂੰ ਬੁਢਾਪਾ ਪਰਿਵਾਰ 'ਚ ਨਸੀਬ ਹੋਵੇ।




ਬੋਲੋ ਜੀ ਵਾਹਿਗੁਰੂ।
ਪੋਸਟਰ ਲਈ ਛੋਟਾ ਸੁਨੇਹਾ:
ਜੇਠ ਮਹੀਨਾ ਸੰਗਰਾਂਦ
ਗਰਮੀ ਸਿਖਰ 'ਤੇ, ਪਰ ਨਾਮ ਦੀ ਠੰਢਕ ਨਾਲੋਂ ਵੱਡੀ ਕੋਈ ਛਾਂ ਨਹੀਂ।
ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਪ੍ਰਣਾਮ।
ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ।
ਚੜ੍ਹਦੀ ਕਲਾ। ਜੇਠ ਮਹੀਨਾ ਸਭ ਲਈ ਸੁਖਦਾਈ ਹੋਵੇ।

## ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਅੰਤਰਾਸ਼ਟਰੀ ਮਾਂ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਅਤੇ ਵਿਚਾਰ ਚਰਚਾ ਦਾ ਆਯੋਜਨ

### ਪ੍ਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਕੋਆਰਡੀਨੇਟਰ ਪ੍ਰੋ ਸ਼ਰਨਜੀਤ ਕੌਰ ਅਤੇ ਡਾ ਤੇਜਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹੋਏ ਸ਼ਾਮਿਲ

ਵਰਲਡ ਪੰਜਾਬੀ ਟਾਈਮਜ਼

ਇਟਲੀ 15 ਮਈ : ਪਿਛਲੇ ਦਿਨੀਂ ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਅੰਤਰਰਾਸ਼ਟਰੀ ਮਾਂ ਦਿਵਸ ਦੇ ਸੰਬੰਧ ਵਿੱਚ ਆਨ ਲਾਈਨ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਕਵੀ ਦਰਬਾਰ ਅਤੇ ਵਿਚਾਰ ਚਰਚਾ ਕੀਤੀ ਗਈ। ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਪ੍ਰਧਾਨ ਮੇਜਰ ਸਿੰਘ ਖੱਖ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਸਮਾਜ ਵਿੱਚ ਮਾਂ ਦੀ ਭੂਮਿਕਾ ਤੇ ਯੋਗਦਾਨ ਨੂੰ ਮੁੱਖ ਰੱਖਦਿਆਂ ਕਿਹਾ ਕਿ ਮਾਂ ਇੱਕ ਅਜਿਹਾ ਸ਼ਬਦ ਤੇ ਸ਼ਖਸ਼ੀਅਤ ਹੈ ਜਿਸ ਦਾ ਦੂਸਰਾ ਰੂਪ ਰੱਬ




ਹੈ। ਇਸਦੇ ਬਾਅਦ ਪ੍ਰੋ ਸ਼ਰਨਜੀਤ ਕੌਰ ਮੁਖੀ ਪੰਜਾਬੀ ਵਿਭਾਗ ਗੁੱਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸਭਾ ਦੀ ਕਾਰਗੁਜ਼ਾਰੀ ਦੀ ਸਰਾਹਨਾ ਕਰਦਿਆਂ ਮਾਂ ਦਿਵਸ ਤੇ ਵਿਸ਼ੇਸ਼ ਚਰਚਾ ਕੀਤੀ। ਉਪਰੰਤ ਵੱਖ ਵੱਖ ਕਵੀ ਤੇ ਕਵਿਤਰੀਆਂ ਜਿਹਨਾਂ ਵਿੱਚ ਪ੍ਰੇਮਪਾਲ ਸਿੰਘ ਇਟਲੀ, ਬੀਬੀ ਕੁਲਵੰਤ ਕੌਰ ਚੰਨ ਫਰਾਂਸ, ਸਿੱਕੀ ਝੱਜੀ ਪਿੰਡ ਵਾਲਾ, ਨਰਿੰਦਰ ਸਿੰਘ ਪਨੂੰ, ਮਨਦੀਪ ਕੌਰ ਪਨੂੰ, ਜਗਰੂਪ ਸਿੰਘ ਭੁੱਲਰ, ਆਰਤੀ ਬਕਸ਼ੀ ਆਰੂ, ਡਾ ਸੁਰਜੀਤ ਕੌਰ ਭੋਗਪੁਰ, ਭਿੰਦਰਜੀਤ ਕੌਰ ਲਾਂਬੜਾ, ਮੰਜੂ ਸ੍ਰੀਵਾਸਤਵ ਮਨ ਯੂ ਐਸ ਏ, ਸੁਦੇਸ਼ ਮੌਦਗਿੱਲ ਜਪਾਨ, ਬਾਟਾ ਭੁਰਜੀ ਫਰਾਂਸ, ਜੱਸੀ ਬੰਗਾ, ਜਗਦੀਸ਼ ਮਹਿਮੀ ਮੰਢਾਲੀ, ਜਗਤਾਰ ਸਿੰਘ ਇਟਲੀ ਆਦਿ ਨੇ ਮਾਂ ਨੂੰ ਸਮਰਪਿਤ ਕਵਿਤਾਵਾਂ ਦੀ ਛਹਿਬਰ ਲਾਈ। ਇਸਦੇ ਬਾਅਦ ਡਾ ਤੇਜਿੰਦਰ ਕੌਰ ਕੋਆਰਡੀਨੇਟਰ ਪ੍ਰਵਾਸੀ ਸਾਹਿਤ ਅਧਿਐਨ ਕੇਂਦਰ ਗੁੱਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕੇਂਦਰ ਅਤੇ ਸਭਾ ਦੇ ਆਪਸੀ ਸਬੰਧ, ਸਾਂਝੇ ਕਾਰਜਾਂ ਦੇ ਜ਼ਿਕਰ ਸਮੇਤ ਮਾਂ ਦਿਵਸ ਨੂੰ ਸਮਰਪਿਤ ਵਡਮੁੱਲੇ ਵਿਚਾਰ ਸਾਂਝੇ ਕੀਤੇ। ਉਹਨਾਂ ਤੋਂ ਬਾਅਦ ਪ੍ਰੋ ਜਸਪਾਲ ਸਿੰਘ ਇਟਲੀ ਨੇ ਵਿਚਾਰਾਂ ਦੀ ਸਾਂਝ ਪਾਈ। ਯੂਰਪੀਨ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਬਲਵਿੰਦਰ ਸਿੰਘ ਚਾਹਲ ਨੇ ਧੰਨਵਾਦੀ ਸ਼ਬਦ ਬੋਲਦਿਆਂ ਆਪਣੇ ਵਿਚਾਰ ਪੇਸ਼ ਕੀਤੇ ਅਤੇ ਮਾਂ ਸੰਬੰਧੀ ਸਾਹਿਤ, ਗੀਤਕਾਰੀ, ਕਹਾਣੀ ਤੇ ਪਰਿਵਾਰਾਂ ਵਿੱਚ ਮਾਂ ਦੀ ਭੂਮਿਕਾ ਉੱਤੇ ਚਾਨਣ ਪਾਇਆ। ਅੰਤ ਵਿੱਚ ਦਲਜਿੰਦਰ ਸਿੰਘ ਰਹਿਲ ਨੇ ਸਮੁੱਚੇ ਸਮਾਗਮ ਦਾ ਮੁਲਾਂਕਣ ਵੀ ਕੀਤਾ ਅਤੇ ਆਪਣੀਆਂ ਦੋ ਕਵਿਤਾਵਾਂ ਨਾਲ ਹਾਜ਼ਰੀ ਲਗਵਾਈ। ਜਸਵਿੰਦਰ ਕੌਰ ਮਿੰਟੂ ਦਾ ਸੰਚਾਲਨ ਬਹੁਤ ਪ੍ਰਭਾਵਸ਼ਾਲੀ ਸੀ ਜਿਸ ਵਿੱਚ ਉਹ ਪੇਸ਼ਕਰਤਾ ਨੂੰ ਸ਼ਾਇਰੀ ਦੁਆਰਾ ਭੂਮਿਕਾ ਬੰਨ੍ਹ ਕੇ ਪੇਸ਼ ਕਰਦੀ ਹੋਈ ਸਮਾਗਮ ਨੂੰ ਅੱਗੇ ਤੋਰਦੀ ਰਹੀ।

## ਐਮ ਪੀ ਕੰਗ ਦੀ ਸਭ ਲਈ ਚੰਗੀ ਸਿਹਤ ਮੁਹਿੰਮ

### ਖਰੜ ਹਲਕੇ ਦੇ ਪਿੰਡਾਂ ਵਿੱਚ ਇੱਕੋ ਦਿਨ 6 ਜਿੰਮ ਲੋਕਾਂ ਨੂੰ ਸਮਰਪਿਤ

### ਖੇਡਾਂ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਮੁੱਖ ਮਕਸਦ : ਕੰਗ

### ਕੁੱਲ 21 ਲੱਖ ਰੁਪਏ ਦੇ ਪ੍ਰੋਜੈਕਟ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਖਰੜ/ਮਾਜਰੀ, (ਸਾਹਿਬਜ਼ਾਦਾ ਅਜੀਤ ਸਿੰਘ ਨਗਰ), 15 ਮਈ:ਸ੍ਰੀ ਅਨੰਦਪੁਰ ਸਾਹਿਬ ਪਾਰਲੀਮਾਨੀ ਹਲਕੇ ਤੋਂ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਅੱਜ ਖਰੜ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਵਸਨੀਕਾਂ ਅਤੇ ਨੌਜਵਾਨਾਂ ਨੂੰ ਇੱਕੋ ਦਿਨ ਵਿੱਚ 6 ਜਿੰਮ ਸਮਰਪਿਤ ਕੀਤੇ।

ਉਨ੍ਹਾਂ ਦੱਸਿਆ ਕਿ ਸੰਸਦ ਮੈਂਬਰ ਲੋਕਲ ਏਰੀਆ ਡਿਵੈਲਪਮੈਂਟ (ਐਮਪੀ ਲੈਡ) ਫੰਡ ਤਹਿਤ ਸਿਆਮਪੁਰ, ਖੈਰਪੁਰ ਅਤੇ ਮੱਛਲੀ ਖੁਰਦ ਵਿੱਚ ਤਿੰਨ ਇੰਨਡੋਰ ਜਿੰਮਾਂ ਅਤੇ ਫਤਿਹਗੜ੍ਹ, ਅਭੀਪੁਰ ਅਤੇ ਪੋਪਨਾ ਵਿੱਚ ਤਿੰਨ ਓਪਨ ਜਿੰਮਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਰ ਜਿੰਮ 'ਤੇ ਲਗਭਗ 3 ਲੱਖ ਰੁਪਏ ਦੀ ਲਾਗਤ ਆਈ ਹੈ।

ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਨੇ ਕਿਹਾ ਕਿ ਇਨ੍ਹਾਂ ਜਿੰਮਾਂ ਦੀ ਸਥਾਪਨਾ ਦਾ ਮਕਸਦ ਪਿੰਡਾਂ ਦੇ ਵਸਨੀਕਾਂ ਅਤੇ ਨੌਜਵਾਨਾਂ ਵਿੱਚ ਸਿਹਤਮੰਦ ਜੀਵਨ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਸਿਰਫ ਜਿੰਮ ਹੀ ਨਹੀਂ, ਸਗੋਂ ਐਮ ਪੀ ਲੈਡ ਫੰਡ ਦੀ ਸੁਚੱਜੀ ਵਰਤੋਂ ਨਾਲ ਸੰਸਦੀ ਹਲਕੇ ਵਿੱਚ ਵਾਲੀਬਾਲ ਅਤੇ ਬਾਸਕਟਬਾਲ ਕੋਰਟ ਵੀ ਬਣਾਏ ਜਾ ਰਹੇ ਹਨ।



ਖੇਡ ਢਾਂਚੇ ਦੇ ਵਿਕਾਸ ਬਾਰੇ ਜਾਣਕਾਰੀ ਦਿੰਦਿਆਂ ਐਮ ਪੀ ਕੰਗ ਨੇ ਦੱਸਿਆ ਕਿ ਕੁਰਾਲੀ ਨੇੜਲੇ ਖਿਜ਼ਰਾਬਾਦ ਪਿੰਡ ਵਿੱਚ 15 ਲੱਖ ਰੁਪਏ ਦੀ ਲਾਗਤ ਨਾਲ ਬਾਸਕਟਬਾਲ ਕੋਰਟ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਚਮਕੌਰ ਸਾਹਿਬ, ਬਲਾਚੌਰ ਅਤੇ ਗੜ੍ਹਸ਼ੰਕਰ ਖੇਤਰਾਂ ਵਿੱਚ ਵੀ ਕਈ ਵਾਲੀਬਾਲ ਅਤੇ ਬਾਸਕਟਬਾਲ ਕੋਰਟ ਬਣਾਏ ਜਾ ਰਹੇ ਹਨ।

ਆਪਣੇ ਖੇਡਾਂ ਨਾਲ ਸਬੰਧਤ ਤਜਰਬੇ ਸਾਂਝੇ ਕਰਦਿਆਂ ਕੰਗ ਨੇ ਕਿਹਾ ਕਿ ਯੂਨੀਵਰਸਿਟੀ ਖੇਡਾਂ ਦੌਰਾਨ ਬਾਸਕਟਬਾਲ ਖਿਡਾਰੀ ਵਜੋਂ ਉਨ੍ਹਾਂ ਨੇ ਅਨੁਸ਼ਾਸਨ, ਖੇਡ ਭਾਵਨਾ ਅਤੇ ਲੀਡਰਸ਼ਿਪ ਦੇ ਗੁਣ ਸਿੱਖੇ, ਜਿਨ੍ਹਾਂ ਨੇ ਉਨ੍ਹਾਂ ਨੂੰ ਲੋਕ ਸੇਵਾ ਅਤੇ ਸੰਸਦ ਤੱਕ ਪਹੁੰਚਾਇਆ। ਉਨ੍ਹਾਂ ਕਿਹਾ ਕਿ ਭਾਵੇਂ ਐਮ ਪੀ ਲੈਡ ਫੰਡ ਨਾਲ ਨਾਲੀਆਂ, ਗਲੀਆਂ, ਸਕੂਲ ਕਮਰੇ ਅਤੇ ਸੋਲਰ ਲਾਈਟਾਂ ਵਰਗੇ ਹੋਰ ਵਿਕਾਸ ਕਾਰਜ ਵੀ ਕਰਵਾਏ ਜਾ ਰਹੇ ਹਨ, ਪਰ ਉਨ੍ਹਾਂ ਦਾ ਮੁੱਖ ਮੰਤਵ ਨੌਜਵਾਨਾਂ ਵਿੱਚ ਖੇਡ ਸਭਿਆਚਾਰ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਹਰ ਸਾਲ ਮਿਲਣ ਵਾਲਾ 5 ਕਰੋੜ ਰੁਪਏ ਦਾ ਐਮ ਪੀ ਲੈਡ ਫੰਡ ਹਲਕੇ ਦੀਆਂ ਲੋੜਾਂ ਦੇ ਮੁਕਾਬਲੇ ਨਿਗੂਣਾ ਹੈ, ਕਿਉਂਕਿ ਇਹ ਸੰਸਦੀ ਹਲਕਾ ਐਸ ਏ ਐਸ ਨਗਰ, ਰੂਪਨਗਰ, ਐਸ ਬੀ ਐਸ ਨਗਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ 9 ਵਿਧਾਨ ਸਭਾ ਹਲਕਿਆਂ ਵਿੱਚ ਫੈਲਿਆ ਹੋਇਆ ਹੈ, ਫਿਰ ਵੀ ਉਹ ਹਰ ਖੇਤਰ ਵਿੱਚ ਸੰਤੁਲਿਤ ਵਿਕਾਸ ਲਈ ਯਤਨਸ਼ੀਲ ਹਨ।

ਪੱਛਮੀ ਏਸ਼ੀਆ ਸੰਘਰਸ਼ ਦੇ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਧਾਨ ਮੰਤਰੀ ਵੱਲੋਂ ਸਵੈ-ਸੰਯਮ ਦੀ ਅਪੀਲ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੰਗ ਨੇ ਕਿਹਾ ਕਿ ਇਹ ਸਥਿਤੀ ਆਰਥਿਕ ਅਤੇ ਵਿਦੇਸ਼ ਨੀਤੀਆਂ ਦੀ ਨਾਕਾਮੀ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਸਹੀ ਕਦਮ ਚੁੱਕੇ ਜਾਂਦੇ ਤਾਂ ਦੇਸ਼ ਦੇ ਲੋਕਾਂ ਨੂੰ ਐਲ ਪੀ ਜੀ ਅਤੇ ਹੋਰ ਜ਼ਰੂਰੀ ਵਸਤਾਂ, ਸਮੇਤ ਵਾਹਨਾਂ ਦੇ ਤੇਲ, ਦੀ ਕਮੀ ਦਾ ਸਾਹਮਣਾ ਨਾ ਕਰਨਾ ਪੈਂਦਾ।

ਐਮ ਪੀ ਕੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ ਅਤੇ ਰਾਜ ਭਰ ਵਿੱਚ 3100 ਖੇਡ ਮੈਦਾਨਾਂ ਦੀ ਉਸਾਰੀ ਇਸਦਾ ਵਧੀਆ ਉਦਾਹਰਨ ਹੈ।

ਪਿੰਡਾਂ ਦੇ ਦੌਰੇ ਦੌਰਾਨ ਸ. ਕੰਗ ਦਾ ਸਥਾਨਕ ਆਗੂਆਂ, ਸਰਪੰਚਾਂ ਅਤੇ ਪੰਚਾਇਤਾਂ ਵੱਲੋਂ ਸਵਾਗਤ ਕੀਤਾ ਗਿਆ। ਉਨ੍ਹਾਂ ਚਟੌਲੀ ਪਿੰਡ ਵਿੱਚ 3 ਲੱਖ ਰੁਪਏ ਦੀ ਲਾਗਤ ਵਾਲੇ ਗਲੀਆਂ ਅਤੇ ਨਾਲੀਆਂ ਦੇ ਪ੍ਰੋਜੈਕਟ ਦਾ ਵੀ ਉਦਘਾਟਨ ਕੀਤਾ, ਜਿਸ ਨਾਲ ਅੱਜ ਕੁੱਲ 7 ਪਿੰਡਾਂ ਵਿੱਚ 21 ਲੱਖ ਰੁਪਏ ਦੇ ਵਿਕਾਸ ਕਾਰਜ ਲੋਕਾਂ ਨੂੰ ਸਮਰਪਿਤ ਕੀਤੇ ਗਏ।